Exam. Code: 0006
Sub. Code: 0508

2061

B.A./B.Sc.(General)-6th Semester

Punjabi (Elective)

Time allowed: 3 Hours

Max. Marks: 90

---

ਨੋਟ:- ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ। ਸਵਾਲਾਂ ਦੇ ਜਵਾਬ ਤਰਤੀਬ ਅਨੁਸਾਰ ਹੀ ਦਿੱਤੇ ਜਾਣ। ਪ੍ਰਸ਼ਨ ਨੰ 3 ਅਤੇ 4 ਦੇ ਹੱਲ ਇਕੋ ਥਾਂ ਹੀ ਦਿੱਤੇ ਜਾਣ। ਲਿਖਾਈ ਸ਼ੁੱਧ ਅਤੇ ਸਪਸ਼ਟ ਹੋਣੀ ਚਾਹੀਦੀ ਹੈ।

-*-*-*-

1. (ੳ) ਕਿਸੇ ਇੱਕ ਕਾਵਿ-ਬੰਦ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:-

ਸੁਣਹੁ ਸਿਆਲੋ! ਧੀਆਂ ਵਾਲਿਓ! ਧੀਆਂ ਮੂਲ ਨਾ ਰੱਖੋ।
ਹਿੱਕੇ ਤਾਂ ਧੀਆਂ ਨਈ ਲੜ੍ਹਾਹੋ, ਹਿੱਕੇ ਸਿਰ ਕਰਿਆਹੇ ਵੱਖੋ।
ਹਿੱਕ ਹਿੱਕ ਵੰਡੀ ਆਵੰਦੀ ਨਾਹੇ ਅੰਗੁਲ ਭਰ ਪਰ ਚੱਖੋ।
ਤੁਸੀਂ ਖਾਂਦੇ ਹੋ ਢੋਡੀ ਥਾਪੀ, ਚਾਕ ਖਾਏ ਏਹੁ ਵੱਖੋ।

**ਜਾਂ**

ਤੇ ਮਿਰਜ਼ੇ ਕਾਸਦ ਟੋਰਿਆ, ਚਾਬਕ ਭਲਾ ਨਾਦਾਨ।
ਉਹ ਬੂਹੇ ਦੇ ਵਿਚ ਕੂਕਿਆ, ਜਿਉਂ, ਮੰਗਤਾ ਕਰੇ ਕਲਾਣ।
ਉਸ ਦਾ ਨਾਂ ਮਿਰਜ਼ਾ ਜਾਤ ਖਰਲ ਹੈ, ਵੰਝਲ ਦਾ ਸੁਲਤਾਨ।
ਸਾਹਿਬਾਂ ਸੁਣਿਆ ਕੰਨੀ ਆਪਣੀ, ਵਿਚ ਪਈ ਕਰੰਗ ਦੇ ਜਾਨ। (10)

(ਅ) ਕਿਸੇ ਇੱਕ ਕਵਿਤਾ ਦਾ ਵਿਸ਼ਾ-ਵਸਤੂ/ਥੀਮ ਸਪੱਸ਼ਟ ਕਰੋ:-

(1) ਚੰਦਨ ਰੁੱਖ ਲੱਗਾ ਵਿਚ ਵਿਹੜੇ
(2) ਜ਼ੁਲੈਖਾਂ ਦੀ ਬੇਚੈਨੀ (10)

2. (ੳ) ਕਿਸੇ ਇੱਕ ਕਾਵਿ-ਬੰਦ ਜਾਂ ਵਾਰਤਕ ਟੁੱਕੜੀ ਦੀ ਵਿਹਾਰਕ ਆਲੋਚਨਾ ਕਰੋ:-

ਰਹੀਏ ਵੋ ਨਾਲਸਜਨ ਦੇ, ਰਹੀਏ ਵੋ।੧। ਰਹਾਉ।
ਲਖ ਲਖ ਬਦੀਆਂ ਤੇ ਸਉ ਸਉ ਤਾਹਨੇ,
ਸਭੇ ਸਿਰ ਤੇ ਸਹੀਏ ਵੋ।
ਤੋੜੇ ਸਿਰ ਵੰਞੇ ਧੜ ਨਾਲੋਂ,
ਤਾਂ ਵੀ ਹਾਲ ਨ ਕਹੀਏ ਵੋ।
ਸੁਖਨ ਜਿਨਾਂ ਦਾ ਹੋਵੈ ਦਾਰੂ
ਹਾਲ ਉਥਾਈ ਕਹੀਏ ਵੋ।
ਚੰਦਨ ਰੁਖ ਲਗਾ ਵਿਚ ਵੇਹੜੇ,
ਜੋਰ ਧਿੰਙਾਣੇ ਖਹੀਏ ਵੋ।
ਕਹੈ ਹੁਸੈਨ ਫਕੀਰ ਸਾਈ ਦਾ,
ਜੀਵੰਦਿਆਂ ਮਰ ਰਹੀਏ ਵੋ।

**ਜਾਂ**

ਮਾਂ ਜੇ ਮਾਂ ਪੁਣਾ ਜਾਣਦੀ ਹੋਵੇ ਤਾਂ ਅਵਤਾਰਾਂ ਤੇ ਪੈਗੰਬਰਾਂ ਨੂੰ ਜਨਮ ਦਿੰਦੀ ਹੈ ਤੇ ਮਾਂ ਪੁਣੇ ਤੋਂ ਵਾਂਝੀ ਮਾਂ ਚੋਰ ਤੇ ਡਾਕੂਹੀ ਪੈਦਾ ਕਰਦੀ ਹੈ। ਜਿਸ ਪਰਿਵਾਰ ਵਿਚ ਮਾਂ ਆਪਣੇ ਕਰਤੱਵ ਵਲੋਂ ਅਵੇਸਲੀ ਹੋ ਜਾਂਦੀ ਹੈ ਉਸ ਪਰਿਵਾਰ ਵਿਚ ਗਿਰਾਵਟ ਆਉਣੀ ਆਵੱਸ਼ਕ ਹੈ। ਮਾਵਾਂ ਸੁੱਤੇ-ਸਿੱਧ ਸਮਾਜਿਕ ਗੁਣਾਂ ਦਾ ਸੰਚਾਰ ਬੱਚਿਆਂ ਦੇ ਮਨਾਂ ਵਿਚ ਕਰਦੀਆਂ ਰਹਿੰਦੀਆਂ ਹਨ। ਸਹੀ ਅਰਥਾਂ ਵਿਚ ਬੱਚਾ ਮਾਂ ਦਾ ਹੀ ਪ੍ਰਤੀਬਿੰਬ ਹੁੰਦਾ ਹੈ। ਸੁਸ਼ੀਲ ਤੇ ਬਹਾਦਰ ਮਾਵਾਂ ਦੇ ਬੱਚੇ ਸੁਸ਼ੀਲ ਤੇ ਬਹਾਦਰ ਹੁੰਦੇ ਹਨ। ਜੀਵਨ ਦੀਆਂ ਕਦਰਾਂ ਤੋਂ ਕੋਰੀਆਂ ਮਾਵਾਂ ਦੇ ਬੱਚੇ ਆਮ ਤੌਰ ਤੇ ਉਚੇਰੀ ਮਨੁੱਖੀ ਗੁਣਾਂ ਤੋਂ ਵਾਂਝੇ ਹੁੰਦੇ ਹਨ। (10)

(ਅ) ਕਿਸੇ ਇੱਕ ਨਿਬੰਧ ਦੀ ਸਾਹਿਤਕ ਆਲੋਚਨਾ ਕਰੋ:-

(1) ਕਿਰਤ
(2) ਮੰਮੀ, ਗੁੱਡੂ ਤੇ ਭਾਈਆ (10)

***P.T.O.***

3. ਕਿਸੇ ਪੰਜ ਪ੍ਰਸ਼ਨਾਂ ਦੇ ਲਘੂ ਉੱਤਰ ਲਿਖੋ:-
   (ੳ) 'ਚੰਦਨ ਰੁੱਖ ਲੱਗਾ ਵਿਚ ਵਿਹੜੇ' ਵਿਚ ਕਵੀ ਨੇ ਕੀ ਵਿਚਾਰ ਦਿੱਤੇ ਹਨ?
   (ਅ) ਹੀਰ ਨੇ ਆਪਣੇ ਤਿੰਞਣ ਵਿਚ ਕਿਨ੍ਹਾਂ ਕੁੜੀਆਂ ਨੂੰ ਸ਼ਾਮਲ ਕੀਤਾ?
   (ੲ) 'ਜ਼ੁਲੱਖਾਂ ਦੀ ਬੇਚੈਨੀ' ਕਵਿਤਾ ਦਾ ਕੇਂਦਰੀ ਭਾਵ ਲਿਖੋ।
   (ਸ) ਮਿਰਜ਼ੇ ਦੇ ਜਨਮ ਤੇ ਇਸ਼ਕ ਬਾਰੇ ਤੁਸੀਂ ਕੀ ਜਾਣਦੇ ਹੋ?
   (ਹ) ਸੱਚੀ ਅਰਦਾਸ ਕਿਹੋ ਜਿਹੀ ਹੋਣੀ ਚਾਹੀਦੀ ਹੈ?
   (ਕ) 'ਗੰਗਾਦੀਨ' ਨਿਬੰਧ ਦਾ ਵਿਸ਼ਾ ਕੀ ਹੈ?
   (ਖ) 'ਜੁੱਤੀ' ਨਿਬੰਧ ਵਿਚ ਲੇਖਕ ਨੇ ਕਿਸ ਤਰ੍ਹਾਂ ਹਾਸਾ ਉਪਜਾਇਆ ਹੈ?
   (ਗ) 'ਮੰਮੀ, ਗੁੱਡੂ ਤੇ ਭਾਈਆਂ' ਨਿਬੰਧ ਵਿਚੋਂ ਪਰਵਾਸੀ ਜੀਵਨ ਬਾਰੇ ਕੀ ਪਤਾ ਲੱਗਦਾ ਹੈ? (2×5)

4. ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਲਿਖੋ:-
   (ੳ) ਆਦਿ ਕਾਲ ਤੋਂ 1700ਈ. ਤੱਕ ਦੇ ਪੰਜਾਬੀ ਸੂਫੀ ਕਾਵਿ ਧਾਰਾ ਦੇ ਪ੍ਰਮੁੱਖ ਕਵੀਆਂ ਦੇ ਨਾਂ ਲਿਖੋ।
   (ਅ) ਸ਼ੇਖ ਫਰੀਦ ਜੀ ਦੀ ਰਚਨਾ ਦਾ ਵਿਸ਼ਾ ਕੀ ਹੈ?
   (ੲ) ਪੂਰਵ ਨਾਨਕ ਕਾਲ ਦੀ ਵੀਰ ਕਾਵਿ ਧਾਰਾ ਬਾਰੇ ਤੁਸੀਂ ਕੀ ਜਾਣਦੇ ਹੋ?
   (ਸ) ਸੁਲਤਾਨ ਬਾਹੂ ਨੇ ਪੰਜਾਬੀ ਵਿਚ ਕੀ ਲਿਖਿਆ? ਉਸਦੀਆਂ ਵਿਸ਼ੇਸ਼ਤਾਈਆਂ ਦੱਸੋ।
   (ਹ) ਪੰਜਾਬੀ ਕਿੱਸਾ-ਕਾਵਿ ਦਾ ਮੋਢੀ ਕੌਣ ਸੀ? ਉਸ ਨੇ ਕਿਹੜਾ ਕਿੱਸਾ ਲਿਖਿਆ?
   (ਕ) ਹਾਫਿਜ਼ ਬਰਖੁਰਦਾਰ ਦੀ ਰਚਨਾ ਬਾਰੇ ਜਾਣਕਾਰੀ ਦਿਓ। (5×4)

5. ਕਿਸੇ ਇੱਕ ਸਿਧਾਂਤ ਸੰਬੰਧੀ ਆਪਣੇ ਵਿਚਾਰ ਪ੍ਰਗਟ ਕਰੋ:-
   (ੳ) ਅਰਸਤੂ ਦਾ ਅਨੁਕਰਣ ਸਿਧਾਂਤ
   (ਅ) ਮਾਰਕਸਵਾਦ (10)

6. ਕਿਸੇ ਇੱਕ ਸੰਕਲਪ ਬਾਰੇ ਚਰਚਾ ਕਰੋ:-
   (ੳ) ਭਾਸ਼ਾ ਵਿਗਿਆਨ ਦੀ ਪਰਿਭਾਸ਼ਾ ਤੇ ਖੇਤਰ
   (ਅ) ਭਾਸ਼ਾ ਵਿਗਿਆਨ ਅਤੇ ਮਨੋਵਿਗਿਆਨ ਦੇ ਆਪਸੀ ਸੰਬੰਧ ਬਾਰੇ ਚਰਚਾ ਕਰੋ। (10)

-*-*-*-